# ਫਿਜ਼ੀਸ਼ੀਅਨ ਵੈਲਨੈੱਸ ਸਕ੍ਰੀਨਿੰਗ
# ਨਤੀਜੇ ਫਾਰਮ

## 1 ਜੂਨ 2026 ਤੋਂ 31 ਅਕਤੂਬਰ 2026 ਤੱਕ ਭਰੇ ਜਾਣੇ ਹਨ

ਸਤਿਕਾਰਯੋਗ ਭਾਗੀਦਾਰ,

Foster Farms ਆਪਣੀ ਮੌਜੂਦਾ ਸਿਹਤ ਬਾਰੇ ਜਾਣਨ ਵਿੱਚ ਤੁਹਾਡੀ ਸਹਾਇਤਾ ਕਰਨ ਅਤੇ 2027 ਵਿੱਚ ਮੈਡੀਕਲ ਬੀਮੇ ਲਈ ਤੁਸੀਂ ਜੋ ਭੁਗਤਾਨ ਕਰਨਾ ਹੈ ਉਸ ਵਿੱਚ ਬੱਚਤ ਕਰਨ ਦਾ ਇੱਕ ਤਰੀਕਾ ਦੇਣ ਲਈ Navigate ਨਾਲ ਕੰਮ ਕਰ ਰਿਹਾ ਹੈ। Foster Farms ਦੇ ਇੱਕ ਕਰਮਚਾਰੀ ਜਾਂ ਕਵਰ ਕੀਤੇ ਪਤੀ/ਪਤਨੀ ਵਜੋਂ, ਤੁਹਾਡੇ ਕੋਲ Navigate ਵੱਲੋਂ ਚਲਾਏ ਜਾ ਰਹੇ ਤੁਹਾਡੀ ਕੰਪਨੀ ਦੇ ਤੰਦਰੁਸਤੀ ਪ੍ਰੋਗਰਾਮ ਵਿੱਚ ਹਿੱਸਾ ਲੈਣ ਦਾ ਮੌਕਾ ਹੈ। ਹਿੱਸਾ ਲੈਣਾ ਅਸਾਨ ਹੈ!

**ਮਹੱਤਵਪੂਰਨ ਗੱਲਾਂ: ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਨਤੀਜੇ 10/31/2026 ਤੱਕ ਪ੍ਰਾਪਤ ਹੋ ਜਾਣ, ਕਿਰਪਾ ਕਰਕੇ ਹੇਠਾਂ ਦਿੱਤੇ ਕਦਮਾਂ ਨੂੰ ਪੂਰਾ ਕਰੋ।**

1. ਤੁਹਾਡੇ ਮੁੱਖ ਦੇਖਭਾਲ ਡਾਕਟਰ ਨਾਲ ਸਾਲਾਨਾ ਰੋਕਥਾਮ ਜਾਂਚ ਲਈ ਮੁਲਾਕਾਤ ਨਿਰਧਾਰਿਤ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਕੋਲ ਆਪਣੇ ਡਾਕਟਰ ਨੂੰ ਦਿਖਾਉਣ ਲਈ ਢੁਕਵਾਂ ਸਮਾਂ ਹੈ ਅਤੇ ਤੁਹਾਡੀਆਂ ਲੈਬ ਜਾਂਚਾਂ ਤਿਆਰ ਹੋ ਕੇ ਪ੍ਰੋਗਰਾਮ ਦੀ ਆਖਰੀ ਤਾਰੀਖ ਤੋਂ ਪਹਿਲਾਂ ਵਾਪਸ ਆ ਜਾਂਦੀਆਂ ਹਨ। ਆਪਣੇ ਪ੍ਰਦਾਤਾ ਨੂੰ ਯਾਦ ਦਿਵਾਓ ਕਿ ਸਕ੍ਰੀਨਿੰਗ ਨੂੰ "ਰੋਕਥਾਮ ਵਾਲੀ ਦੇਖਭਾਲ" ਦੀ ਮੁਲਾਕਾਤ ਵਜੋਂ ਕੋਡ ਕੀਤਾ ਜਾਣਾ ਚਾਹੀਦਾ ਹੈ। ਯਕੀਨੀ ਬਣਾਓ ਕਿ ਤੁਸੀਂ ਜਿਸ ਪ੍ਰਦਾਤਾ ਨੂੰ ਦਿਖਾਉਂਦੇ ਹੋ ਉਹ ਤੁਹਾਡੇ ਬੈਨਿਫਿਟ ਪਲਾਨ ਨੈੱਟਵਰਕ ਵਿੱਚ ਹੋਵੇ ਨਹੀਂ ਤਾਂ ਤੁਹਾਨੂੰ ਕੋਈ ਖਰਚਾ ਪੈ ਸਕਦਾ ਹੈ।

   *ਜੇ ਤੁਹਾਡੀ ਸਾਲਾਨਾ ਰੋਕਥਾਮ ਜਾਂਚ **1 ਨਵੰਬਰ 2025 ਤੋਂ 31 ਅਕਤੂਬਰ 2026** ਦੇ ਵਿਚਕਾਰ ਆਉਂਦੀ ਹੈ, ਤਾਂ ਤੁਹਾਡੇ ਨਤੀਜਿਆਂ ਨੂੰ ਲੋੜਾਂ ਨੂੰ ਪੂਰਾ ਕਰਨ ਲਈ ਵਰਤਿਆ ਜਾ ਸਕਦਾ ਹੈ। ਕਿਰਪਾ ਕਰਕੇ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਆਖੋ ਕਿ ਉਹ ਨੱਥੀ ਕੀਤਾ ਫਿਜ਼ੀਸ਼ੀਅਨ ਫਾਰਮ ਭਰ ਕੇ Navigate ਨੂੰ ਵਾਪਸ ਭੇਜੇ।*

2. ਆਪਣੀ ਸਿਹਤ ਦੀ ਸਕ੍ਰੀਨਿੰਗ ਤੋਂ ਪਹਿਲਾਂ ਨੱਥੀ ਫਿਜ਼ੀਸ਼ੀਅਨ ਫਾਰਮ ਵਿਚਲੇ "ਭਾਗੀਦਾਰ ਦੀ ਜਾਣਕਾਰੀ" ਭਾਗ ਨੂੰ ਪੂਰਾ ਕਰੋ ਅਤੇ ਫਾਰਮ 'ਤੇ ਦਸਤਖਤ ਕਰਕੇ ਮਿਤੀ ਪਾਓ। ਫਾਰਮ ਦਾ ਬਾਕੀ ਹਿੱਸਾ ਪ੍ਰਦਾਤਾ ਦੇ ਭਰਨ ਲਈ ਹੈ।

3. ਆਪਣੀ ਮੁਲਾਕਾਤ ਤੋਂ 10 ਤੋਂ 12 ਘੰਟੇ ਪਹਿਲਾਂ ਖਾਲੀ ਪੇਟ ਰਹਿਣਾ ਯਾਦ ਰੱਖੋ। ਪਾਣੀ ਤੋਂ ਇਲਾਵਾ ਕੁਝ ਵੀ ਨਾ ਖਾਓ ਜਾਂ ਪੀਓ। ਦਵਾਈ ਨੂੰ ਦੱਸੇ ਗਏ ਅਨੁਸਾਰ ਲਓ, ਅਤੇ ਜੇ ਤੁਸੀਂ ਕਿਸੇ ਮੈਡੀਕਲ ਸਥਿਤੀ ਕਾਰਨ ਖਾਲੀ ਪੇਟ ਨਹੀਂ ਰਹਿ ਸਕਦੇ ਹੋ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਦੇ ਆਦੇਸ਼ਾਂ ਦੀ ਪਾਲਣਾ ਕਰੋ।

4. ਆਪਣੀ ਮੁਲਾਕਾਤ ਲਈ ਆਉਣ ਸਮੇਂ ਨੱਥੀ ਕੀਤਾ ਫਿਜ਼ੀਸ਼ੀਅਨ ਫਾਰਮ ਨਾਲ ਲੈ ਕੇ ਆਓ। ਆਪਣੇ ਡਾਕਟਰ ਨੂੰ ਫਾਰਮ ਦੇ "ਬਾਇਓਮੈਟ੍ਰਿਕ ਸਕ੍ਰੀਨਿੰਗ ਨਤੀਜੇ" ਭਾਗ ਵਿੱਚ ਤੁਹਾਡੇ ਸਰੀਰਕ ਨਤੀਜੇ ਭਰਨ ਲਈ ਕਹੋ। ਇਹ ਜਾਣਕਾਰੀ ਸਮੇਂ ਸਿਰ ਭੇਜਣਾ ਲਾਜ਼ਮੀ ਹੈ ਅਤੇ ਤੁਹਾਡੇ ਡਾਕਟਰ ਦੇ ਦਸਤਖ਼ਤ ਕਰਵਾਕੇ ਇਸਨੂੰ **10/31/2026 ਤੱਕ** ਅੱਪਲੋਡ ਕਰਨੀ ਲਾਜ਼ਮੀ ਹੈ। ਨਤੀਜਿਆਂ 'ਤੇ ਕਾਰਵਾਈ ਕਰਨ ਲਈ ਡਾਕਟਰ ਦੇ ਦਸਤਖਤ ਹੋਣੇ ਲਾਜ਼ਮੀ ਹਨ। **ਜੇ ਫਾਰਮ ਪੂਰਾ ਨਹੀਂ ਭਰਿਆ ਜਾਂਦਾ ਹੈ ਤਾਂ ਤੁਹਾਨੂੰ ਸ਼ਾਮਲ ਹੋਣ ਤੋਂ ਰੋਕਿਆ ਜਾ ਸਕਦਾ ਹੈ।**

5. ਤੁਹਾਡੇ ਫਿਜ਼ੀਸ਼ੀਅਨ ਫਾਰਮ ਨੂੰ www.FosterFarmsWellness.com 'ਤੇ ਅੱਪਲੋਡ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ।
   a. ਭਰਿਆ ਹੋਇਆ ਫਾਰਮ ਅੱਪਲੋਡ ਕਰਨ ਲਈ: ਡਿਜਿਟਲ ਕਾਪੀ ਬਣਾਉਣ ਲਈ ਇਸ ਨੂੰ ਸਕੈਨ ਕਰੋ ਜਾਂ ਤੁਹਾਡੇ ਸਮਾਰਟਫ਼ੋਨ ਨਾਲ ਤਸਵੀਰ ਲਓ, ਫਿਰ ਪੋਰਟਲ 'ਤੇ ਵਾਪਸ ਜਾਓ ਅਤੇ Annual Preventative Exam ਦੇ ਕੋਲ ਮੈਨਿਊ ਤੋਂ Complete Form ਨੂੰ ਚੁਣੋ।
      i. ਮੁਹੱਈਆ ਕੀਤੀ ਜਗ੍ਹਾ ਵਿੱਚ ਆਪਣਾ ਭਰਿਆ ਹੋਇਆ ਫਾਰਮ ਅਪਲੋਡ ਕਰੋ। ਫਾਰਮ ਅੱਪਲੋਡ ਹੋਣ ਤੋਂ ਬਾਅਦ ਤੁਹਾਡੀ ਸਥਿਤੀ "Pending" (ਬਾਕੀ ਹੈ) ਵਿੱਚ ਬਦਲ ਜਾਵੇਗੀ।
      ii. ਤੁਹਾਡੇ ਫਾਰਮ ਦੀ ਸਮੀਖਿਆ ਹੋ ਜਾਣ ਤੋਂ ਬਾਅਦ, ਤੁਹਾਡੀ ਸਥਿਤੀ "Complete" (ਮੁਕੰਮਲ) ਵਿੱਚ ਅੱਪਡੇਟ ਹੋ ਜਾਵੇਗੀ ਅਤੇ ਤੁਹਾਡੇ ਬਾਇਓਮੈਟ੍ਰਿਕ ਨਤੀਜੇ ਸਮੀਖਿਆ ਲਈ ਉਪਲਬਧ ਹੋਣਗੇ।

6. ਨਤੀਜੇ ਆਮ ਤੌਰ 'ਤੇ 10 ਕਾਰੋਬਾਰੀ ਦਿਨਾਂ ਦੇ ਅੰਦਰ ਉਪਲਬਧ ਹੋ ਜਾਂਦੇ ਹਨ। ਤੁਹਾਡੇ ਨੰਬਰਾਂ ਅਤੇ ਜੋਖਮ ਦੇ ਖੇਤਰਾਂ ਨੂੰ ਜਾਣਨਾ ਤੁਹਾਡੀ ਸਿਹਤ ਅਤੇ ਤੰਦਰੁਸਤੀ ਨੂੰ ਵਧਾਉਣ ਦਾ ਇੱਕ ਮਹੱਤਵਪੂਰਨ ਹਿੱਸਾ ਹੈ! ਆਪਣੀ ਜਾਣਕਾਰੀ ਵੇਖਣ ਲਈ ਆਪਣੇ Navigate ਖਾਤੇ ਵਿੱਚ ਵਾਪਸ ਲੌਗ ਇਨ ਕਰਨਾ ਯਾਦ ਰੱਖੋ।

# ਫਿਜ਼ੀਸ਼ੀਅਨ ਫਾਰਮ

## ਭਾਗੀਦਾਰ ਦੀ ਜਾਣਕਾਰੀ (ਮਰੀਜ਼ ਦੁਆਰਾ ਪੂਰਾ ਕੀਤਾ ਗਿਆ – ਕਿਰਪਾ ਕਰਕੇ ਸਾਫ਼ ਅੱਖਰਾਂ ਵਿੱਚ ਲਿਖੋ)

**ਆਖਰੀ ਨਾਮ:** **ਵਿਚਕਾਰਲਾ ਨਾਮ:**

**ਪਹਿਲਾ ਨਾਮ:** **ਲਿੰਗ:** ☐ ਪੁਰਸ਼ ☐ ਇਸਤਰੀ ☐ ਹੋਰ ☐ ਜਵਾਬ ਨਹੀਂ ਦੇਣਾ ਚਾਹੁੰਦੇ

**ਫ਼ੋਨ ਨੰਬਰ:** **ਜਨਮ ਮਿਤੀ:** /

**ਗਲੀ ਦਾ ਪਤਾ:**

**ਸ਼ਹਿਰ:** **ਰਾਜ:** **ZIP ਕੋਡ:**

**ਰੁਜ਼ਗਾਰਦਾਤਾ ਦਾ ਨਾਮ: Foster Farms**

**ਈਮੇਲ:**

**ਭਾਗੀਦਾਰ ਦੇ ਦਸਤਖਤ** ਲੋੜੀਂਦਾ ______________________ **ਮਿਤੀ:** ______________

**ਭਾਗੀਦਾਰ ਦਾ ਨਾਮ** ਸਾਫ਼ ਅੱਖਰਾਂ ਵਿੱਚ ਲਿਖੋ ______________________